# ਬੀ ਸੀ ਅਰਲੀ ਹੀਅਰਿੰਗ ਪ੍ਰੋਗਰਾਮ ਮਾਪਿਆਂ ਲਈ ਜਾਣਕਾਰੀ

## ਤੁਹਾਡੇ ਬੱਚੇ ਦੀ ਸੁਣਨ-ਸ਼ਕਤੀ ਦੀ ਅਗੇਤੀ ਜਾਂਚ

ਬੀ ਸੀ ਅਰਲੀ ਹੀਅਰਿੰਗ ਪ੍ਰੋਗਰਾਮ (ਬੀ ਸੀ ਈ ਐੱਚ ਪੀ) ਸੁਣਨ ਸ਼ਕਤੀ ਦੀ ਅਗੇਤੀ ਜਾਂਚ ਅਤੇ ਇਲਾਜ ਲਈ ਸਾਰੇ ਸੂਬੇ ਪੱਧਰ ਦਾ ਪ੍ਰੋਗਰਾਮ ਹੈ।

ਇਹ ਜਾਣਨਾ ਮਹੱਤਵਪੂਰਨ ਹੈ ਕਿ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਠੀਕ ਹੈ। ਬੱਚੇ ਜੰਮਦਿਆਂ ਹੀ ਬੋਲਣਾ ਅਤੇ ਭਾਸ਼ਾ ਸਿੱਖਣੀ ਸ਼ੁਰੂ ਕਰ ਦਿੰਦੇ ਹਨ। ਜੇਕਰ ਤੁਹਾਡਾ ਬੱਚਾ ਠੀਕ ਸੁਣ ਨਹੀਂ ਸਕਦਾ, ਤਾਂ ਉਸ ਨੂੰ ਬੋਲਣਾ ਸਿੱਖਣ ਅਤੇ ਭਾਸ਼ਾ ਹੁਨਰ ਵਿਕਸਤ ਕਰਨ ਵਿੱਚ ਸਮੱਸਿਆਵਾਂ ਆ ਸਕਦੀਆਂ ਹਨ। ਪਰਿਵਾਰਾਂ ਲਈ ਨਵਜੰਮੇ ਬੱਚਿਆਂ ਦੀ ਸੁਣਨ-ਸ਼ਕਤੀ ਦੇ ਟੈੱਸਟ ਕਰਵਾਉਣੇ ਮਹੱਤਵਪੂਰਨ ਹਨ, ਕਿਉਂਕਿ ਜੇ ਕਰ ਬੱਚੇ ਦੀ ਜ਼ਿੰਦਗੀ ਦੇ ਸ਼ੁਰੂ ਵਿੱਚ ਸੁਣਨ-ਸ਼ਕਤੀ ਦੀ ਘਾਟ ਦਾ ਪਤਾ ਲੱਗ ਜਾਵੇ ਤਾਂ ਬਹੁਤ ਕੁਝ ਹੋ ਸਕਦਾ ਹੈ।

### ਮੇਰੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਕਿਉਂ?

ਲਗਭਗ 300 ਬੱਚਿਆਂ ਵਿੱਚੋਂ ਇਕ ਬੱਚੇ ਵਿੱਚ ਜਨਮ ਸਮੇਂ ਸੁਣਨ-ਸ਼ਕਤੀ ਦੀ ਘਾਟ ਹੁੰਦੀ ਹੈ। ਇਹ ਗਿਣਤੀ ਉਹਨਾਂ ਬੱਚਿਆਂ ਵਿੱਚ ਵੱਧ ਜਾਂਦੀ ਹੈ, ਜਿਹਨਾਂ ਨੂੰ ਜਨਮ ਸਮੇਂ ਖਾਸ ਸੰਭਾਲ (ਸਪੈਸ਼ਲ ਕੇਅਰ) ਦੀ ਲੋੜ ਹੁੰਦੀ ਹੈ। ਸਿਰਫ ਬੱਚੇ ਦੇ ਵਤੀਰੇ ਨੂੰ ਦੇਖ ਕੇ ਹੀ ਇਹ ਪਤਾ ਲਾਉਣਾ ਸੌਖਾ ਨਹੀਂ ਕਿ ਛੋਟੇ ਬੱਚੇ ਵਿੱਚ ਸੁਣਨ ਸ਼ਕਤੀ ਦੀ ਘਾਟ ਹੈ। ਸ਼ੁਰੂ ਵਿੱਚ ਕੀਤੀ ਜਾਂਚ ਤੋਂ ਬਿਨਾਂ ਸੁਣਨ ਸ਼ਕਤੀ ਦੀ ਘਾਟ ਵਾਲੇ ਬਹੁਤਿਆਂ ਬੱਚਿਆਂ ਬਾਰੇ ਪਤਾ ਨਹੀਂ ਲੱਗਦਾ। ਬੇਸ਼ੱਕ ਤੁਹਾਡੇ ਪਰਿਵਾਰ ਵਿੱਚ ਕਿਸੇ ਵਿੱਚ ਵੀ ਸੁਣਨ ਸ਼ਕਤੀ ਦੀ ਘਾਟ ਨਹੀਂ ਹੈ ਫਿਰ ਵੀ ਆਪਣੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਕਰਵਾਉਣਾ ਮਹੱਤਵਪੂਰਨ ਹੈ। ਸੁਣਨ ਸ਼ਕਤੀ ਦੀ ਘਾਟ ਵਾਲੇ ਬਹੁਤੇ ਬੱਚੇ ਉਹਨਾਂ ਪਰਿਵਾਰਾਂ ਵਿੱਚ ਜੰਮਦੇ ਹਨ ਜਿਹਨਾਂ ਵਿੱਚ ਸੁਣਨ ਸ਼ਕਤੀ ਦੀ ਘਾਟ ਦਾ ਪਿਛੋਕੜ ਨਹੀਂ ਹੁੰਦਾ।

### ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ

ਜਦੋਂ ਤੁਸੀਂ ਹਸਪਤਾਲ ਵਿੱਚ ਹੋਵੋਗੇ ਤਾਂ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਕੀਤੀ ਜਾਵੇਗੀ। ਬੀ ਸੀ ਈ ਐੱਚ ਪੀ ਤੋਂ ਸਿਖਲਾਈ ਪ੍ਰਾਪਤ ਟੈੱਸਟ ਕਰਨ ਵਾਲੇ ਵਲੋਂ ਇਹ ਟੈੱਸਟ ਕੀਤਾ ਜਾਂਦਾ ਹੈ। ਸਾਰੇ ਨਵਜੰਮੇ ਬੱਚਿਆਂ ਦੀ ਸੁਣਨ ਸ਼ਕਤੀ ਦੀ ਜਾਂਚ ਕਰਨ ਵਾਲੇ ਟੈੱਸਟ ਵਿੱਚ ਸੌਖਿਆਂ ਹੀ ਕੀਤੇ ਜਾਣ ਵਾਲੇ ਸਾਧਾਰਣ ਅਤੇ ਸੁਰੱਖਿਅਤ ਢੰਗ ਦੀ ਵਰਤੋਂ ਕੀਤੀ ਜਾਂਦੀ ਹੈ। ਜੇ ਤੁਹਾਡੇ ਬੱਚੇ ਦੀ ਜਾਂਚ ਹਸਪਤਾਲ ਵਿੱਚ ਨਹੀਂ ਹੁੰਦੀ, ਤਾਂ ਸੁਣਨ-ਸ਼ਕਤੀ ਦੀ ਜਾਂਚ ਤੁਹਾਡੇ ਨੇੜੇ ਦੇ ਪਬਲਿਕ ਹੈੱਲਥ ਹੀਅਰਿੰਗ ਸਕਰੀਨਿੰਗ ਕਲਿਨਿਕ ਵਿੱਚ ਕੀਤੀ ਜਾ ਸਕਦੀ ਹੈ।

ਤੁਹਾਡੇ ਬੱਚੇ ਦਾ ਜਾਂ ਤਾਂ ਆਟੋਮੇਟਿਡ ਓਟੋਅਕਿਊਸਟਿਕ ਇਮੀਸ਼ਨ (ਏ ਓ ਏ ਈ) ਟੈਸਟ ਜਾਂ ਆਟੋਮੇਟਿਡ ਆਡਿਟਰੀ ਬਰੇਨਸਟੈਮ ਰਿਸਪਾਂਸ (ਏ ਏ ਬੀ ਆਰ) ਟੈੱਸਟ ਕੀਤਾ ਜਾਵੇਗਾ। ਏ ਓ ਏ ਈ ਟੈੱਸਟ ਲਈ, ਇਕ ਛੋਟਾ ਜਿਹਾ ਨਰਮ-ਸਿਰੇ ਵਾਲਾ ਈਅਰਪੀਸ ਬੱਚੇ ਦੇ ਕੰਨ ਦੇ ਬਾਹਰਲੇ ਹਿੱਸੇ ਵਿੱਚ ਪਾਇਆ ਜਾਂਦਾ ਹੈ ਅਤੇ ਕੰਨ ਵਿੱਚ ਅਵਾਜ਼ਾਂ ਵਜਾਈਆਂ ਜਾਂਦੀਆਂ ਹਨ। ਜਦੋਂ ਅਵਾਜ਼ ਕੰਨ ਤੱਕ ਪਹੁੰਚਦੀ ਹੈ, ਤਾਂ ਕੋਕਲੀਆ ਨਾਮੀ ਅੰਦਰਲਾ ਹਿੱਸਾ ਪ੍ਰਤੀਕਰਮ ਕਰਦਾ ਹੈ ਜਿਸ ਨੂੰ ਮਿਣਿਆ ਜਾ ਸਕਦਾ ਹੈ।

ਏ ਏ ਬੀ ਆਰ ਦੀ ਜਾਂਚ ਲਈ, ਖਾਸ ਤੌਰ ਉੱਤੇ ਬੱਚਿਆਂ ਲਈ ਬਣਾਏ ਗਏ ਨਰਮ ਹੈੱਡਫੋਨ ਵਰਤੇ ਜਾਂਦੇ ਹਨ। ਹੈੱਡਫੋਨ ਬੱਚੇ ਦੇ ਕੰਨ ਉੱਤੇ ਲਾਏ ਜਾਂਦੇ ਹਨ ਅਤੇ ਕੜਿੱਕ ਕੜਿੱਕ ਦੀਆਂ ਅਵਾਜ਼ਾਂ ਪੈਦਾ ਕੀਤੀਆਂ ਜਾਂਦੀਆਂ ਹਨ। ਬੱਚੇ ਦੇ ਮੱਥੇ, ਗਲ, ਗੱਲ੍ਹ ਜਾਂ ਮੋਢੇ ਉੱਤੇ ਛੋਟੇ ਸੈਂਸਰ ਰੱਖੇ ਜਾਂਦੇ ਹਨ। ਦੋਹਾਂ ਟੈੱਸਟਾਂ ਵਿੱਚ, ਸੁਣਨ ਸ਼ਕਤੀ ਦੀ ਜਾਂਚ ਕਰਨ ਵਾਲਾ ਸਾਜ਼ ਸਾਮਾਨ ਦਿਖਾਉਂਦਾ ਹੈ ਕਿ ਬੱਚੇ ਦੇ ਕੰਨ ਕਿੰਨੀ ਚੰਗੀ ਤਰ੍ਹਾਂ ਅਵਾਜ਼ ਬਾਰੇ ਪ੍ਰਤੀਕਰਮ ਕਰਦੇ ਹਨ।

ਜੇ ਬੱਚਾ ਸ਼ਾਂਤ ਜਾਂ ਸੁੱਤਾ ਹੋਇਆ ਹੋਵੇ ਤਾਂ ਏ ਓ ਏ ਈ ਦੀ ਜਾਂਚ ਲਈ ਸਿਰਫ ਕੁਝ ਮਿਨਟ ਲੱਗਦੇ ਹਨ। ਆਮ ਤੌਰ ਉੱਤੇ ਏ ਏ ਬੀ ਆਰ ਦੇ ਟੈੱਸਟ ਨੂੰ ਜ਼ਿਆਦਾ ਸਮਾਂ ਲੱਗਦਾ ਹੈ, 30 ਮਿਨਟਾਂ ਤੱਕ।



### ਕੀ ਸੁਣਨ ਸ਼ਕਤੀ ਦੀ ਜਾਂਚ ਦੇ ਟੈੱਸਟ ਮੇਰੇ ਬੱਚੇ ਲਈ ਦੁਖਦਾਈ ਹੋਣਗੇ?

ਨਹੀਂ, ਟੈੱਸਟ ਦਰਦ ਨਹੀਂ ਕਰਦੇ ਅਤੇ ਨਾ ਹੀ ਬੇਆਰਾਮੀ ਕਰਦੇ ਹਨ। ਆਮ ਤੌਰ ਉੱਤੇ ਸੁਣਨ ਸ਼ਕਤੀ ਦੀ ਜਾਂਚ ਦੇ ਟੈੱਸਟ ਉਦੋਂ ਕੀਤੇ ਜਾਂਦੇ ਹਨ ਜਦੋਂ ਤੁਹਾਡਾ ਬੱਚਾ ਸੁੱਤਾ ਹੋਇਆ ਹੋਵੇ ਜਾਂ ਸ਼ਾਂਤ ਹੋਵੇ।

### ਸੁਣਨ ਸ਼ਕਤੀ ਦੇ ਟੈੱਸਟ ਦੇ ਨਤੀਜੇ ਮੈਨੂੰ ਕਦੋਂ ਮਿਲਣਗੇ?

ਸੁਣਨ ਸ਼ਕਤੀ ਦੀ ਜਾਂਚ ਦੇ ਟੈੱਸਟ ਸਮੇਂ ਹੀ ਤੁਹਾਨੂੰ ਨਤੀਜੇ ਦੱਸ ਦਿੱਤੇ ਜਾਣਗੇ। ਜੇ ਤੁਹਾਡੇ ਕੋਈ ਸਵਾਲ ਹੋਣ ਤਾਂ ਤੁਹਾਨੂੰ ਘਰ ਲਿਜਾਣ ਲਈ ਸੰਪਰਕ ਨੰਬਰਾਂ ਦੇ ਨਾਲ ਨਾਲ ਕੁਝ ਜਾਣਕਾਰੀ ਵੀ ਦਿੱਤੀ ਜਾਵੇਗੀ।

### ਕਈ ਬੱਚਿਆਂ ਨੂੰ ਸੁਣਨ ਸ਼ਕਤੀ ਦੀ ਜਾਂਚ ਦੇ ਦੋ ਟੈੱਸਟ ਕਰਵਾਉਣ ਦੀ ਕਿਉਂ ਲੋੜ ਹੁੰਦੀ ਹੈ?

ਕਈ ਬੱਚਿਆਂ ਦੇ ਪਹਿਲੀ ਜਾਂਚ ਦੌਰਾਨ ਸਪਸ਼ਟ ਪ੍ਰਤੀਕਰਮ ਹੁੰਦੇ ਹਨ ਅਤੇ ਉਹਨਾਂ ਨੂੰ ਦੂਜੀ ਜਾਂਚ ਕਰਵਾਉਣ ਦੀ ਲੋੜ ਨਹੀਂ ਹੁੰਦੀ। ਕਈ ਬੱਚੇ ਪਹਿਲੀ ਜਾਂਚ ਦੌਰਾਨ ਦੋਹਾਂ ਕੰਨਾਂ ਤੋਂ ਸਪਸ਼ਟ ਪ੍ਰਤੀਕਰਮ ਨਹੀਂ ਕਰਦੇ ਅਤੇ ਉਹਨਾਂ ਦੀ ਇਕ ਹੋਰ ਜਾਂਚ ਕਰਨ ਦੀ ਲੋੜ ਹੁੰਦੀ ਹੈ। ਇਸ ਦਾ ਇਹ ਅਰਥ ਨਹੀਂ ਕਿ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਘੱਟ ਹੈ।

ਸੁਣਨ ਸ਼ਕਤੀ ਦਾ ਦੁਬਾਰਾ ਟੈੱਸਟ ਕਰਵਾਉਣ ਦੇ ਕੁਝ ਕਾਰਨ ਇਸ ਪ੍ਰਕਾਰ ਹਨ:

- ਹੋ ਸਕਦਾ ਹੈ ਕਿ ਜਾਂਚ ਵੇਲੇ ਬੱਚਾ ਅਸ਼ਾਂਤ ਹੋਵੇ।
- ਹੋ ਸਕਦਾ ਹੈ ਕਿ ਟੈੱਸਟ ਦੇ ਕੀਤੇ ਜਾਣ ਸਮੇਂ ਪਿਛੋਕੜ ਵਿੱਚ ਅਵਾਜ਼ਾਂ ਹੋਣ।
- ਜਨਮ ਤੋਂ ਬਾਅਦ ਬੱਚੇ ਦੇ ਕੰਨ ਵਿੱਚ ਤਰਲ ਜਾਂ ਆਰਜ਼ੀ ਰੁਕਾਵਟ ਹੋ ਸਕਦੀ ਹੈ। ਇਹ ਬਹੁਤ ਆਮ ਵਾਪਰਦਾ ਹੈ ਅਤੇ ਇਹ ਆਪਣੇ ਆਪ ਹਟ ਜਾਂਦਾ ਹੈ।
- ਬੱਚੇ ਵਿੱਚ ਸੁਣਨ ਸ਼ਕਤੀ ਦੀ ਘਾਟ ਹੋ ਸਕਦੀ ਹੈ।

### ਮੇਰਾ ਬੱਚਾ ਅਵਾਜ਼ ਬਾਰੇ ਪ੍ਰਤੀਕਰਮ ਕਰਦਾ ਜਾਪਦਾ ਹੈ। ਕੀ ਮੇਰੇ ਬੱਚੇ ਨੂੰ ਅਜੇ ਵੀ ਸੁਣਨ-ਸ਼ਕਤੀ ਦੇ ਦੂਜੇ ਟੈੱਸਟ ਦੀ ਲੋੜ ਹੈ?

ਬੇਸ਼ੱਕ ਬਹੁਤੇ ਬੱਚੇ ਦੂਜੇ ਟੈੱਸਟ ਵੇਲੇ ਸਪਸ਼ਟ ਪ੍ਰਤੀਕਰਮ ਕਰਨਗੇ, ਫਿਰ ਵੀ ਤੁਹਾਡੇ ਬੱਚੇ ਦਾ ਦੂਜਾ ਟੈੱਸਟ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਇਹ ਇਸ ਕਰਕੇ ਹੈ ਕਿ ਆਮ ਤੌਰ 'ਤੇ ਸੁਣਨ-ਸ਼ਕਤੀ ਦਾ ਨੁਕਸਾਨ ਹੋਣ ਦੇ ਬਾਵਜੂਦ ਵੀ ਕਈ ਬੱਚੇ ਅਵਾਜ਼ ਬਾਰੇ ਪ੍ਰਤੀਕਰਮ ਕਰ ਸਕਦੇ ਹਨ। ਜੇ ਤੁਹਾਡੇ ਬੱਚੇ ਦੀ ਸੁਣਨ-ਸ਼ਕਤੀ ਘੱਟ ਹੋਵੇ ਤਾਂ ਇਸ ਬਾਰੇ ਛੇਤੀ ਤੋਂ ਛੇਤੀ ਪਤਾ ਲਾਉਣਾ ਜ਼ਰੂਰੀ ਹੈ।

## ਜੇ ਦੂਜੇ ਟੈੱਸਟ ਦੇ ਨਤੀਜੇ ਸਪਸ਼ਟ ਨਾ ਹੋਣ ਤਾਂ ਕੀ ਇਸ ਦਾ ਮਤਲਬ ਇਹ ਹੈ ਕਿ ਮੇਰੇ ਬੱਚੇ ਦੀ ਸੁਣਨ-ਸ਼ਕਤੀ ਘੱਟ ਹੋਣ ਦੀ ਸੰਭਾਵਨਾ ਹੈ?

ਜੇ ਸੁਣਨ ਸ਼ਕਤੀ ਦੀ ਜਾਂਚ ਦਾ ਦੂਜਾ ਟੈੱਸਟ ਸਪਸ਼ਟ ਨਹੀਂ ਤਾਂ ਬੀ ਸੀ ਈ ਐੱਚ ਪੀ ਕੋਲੋਂ ਖਾਸ ਸਿਖਲਾਈ ਪ੍ਰਾਪਤ ਆਡਿਓਲੌਜਿਸਟ ਵਲੋਂ ਸੁਣਨ ਸ਼ਕਤੀ ਦਾ ਇਕ ਵਿਸਤ੍ਰਿਤ ਟੈੱਸਟ ਕੀਤਾ ਜਾਵੇਗਾ। ਉਹਨਾਂ 20 ਬੱਚਿਆਂ, ਜਿਹਨਾਂ ਦਾ ਦੂਜਾ ਟੈੱਸਟ ਸਪਸ਼ਟ ਨਤੀਜਾ ਨਹੀਂ ਦਿਖਾਉਂਦਾ, ਵਿੱਚੋਂ ਇਕ ਬੱਚੇ ਦੀ ਇਕ ਜਾਂ ਦੋਨਾਂ ਕੰਨਾਂ ਦੀ ਸੁਣਨ-ਸ਼ਕਤੀ ਘੱਟ ਹੁੰਦੀ ਹੈ।

## ਜਾਂਚ ਵਿੱਚੋਂ "ਪਾਸ" ਹੋਣ ਦਾ ਕੀ ਅਰਥ ਹੈ?

ਜਾਂਚ ਵਿੱਚੋਂ "ਪਾਸ" ਹੋਣ ਦਾ ਅਰਥ ਹੈ ਕਿ ਤੁਹਾਡੇ ਬੱਚੇ ਦੇ ਦੋਹਾਂ ਕੰਨਾਂ ਤੋਂ ਸਪਸ਼ਟ ਪ੍ਰਤੀਕਰਮ ਮਿਲੇ ਹਨ ਅਤੇ ਇਸ ਗੱਲ ਦੇ ਬਹੁਤ ਘੱਟ ਮੌਕੇ ਹਨ ਕਿ ਤੁਹਾਡੇ ਬੱਚੇ ਵਿੱਚ ਸੁਣਨ ਸ਼ਕਤੀ ਦੀ ਘਾਟ ਹੈ। ਫਿਰ ਵੀ ਬਚਪਨ ਵਿੱਚ ਬਾਅਦ ਵਿੱਚ ਬੱਚਿਆਂ ਦੀ ਸੁਣਨ-ਸ਼ਕਤੀ ਦਾ ਨੁਕਸਾਨ ਹੋ ਸਕਦਾ ਹੈ, ਇਸ ਲਈ ਜੇ ਤੁਹਾਡਾ ਕੋਈ ਵੀ ਸਰੋਕਾਰ ਹੋਵੇ ਤਾਂ ਆਪਣੇ ਬੱਚੇ ਦੀ ਸੁਣਨ-ਸ਼ਕਤੀ ਦੀ ਜਾਂਚ ਕਰਵਾਉਣਾ ਜ਼ਰੂਰੀ ਹੈ।

ਜਾਂਚ (ਸਕਰੀਨਿੰਗ) ਸਮੇਂ ਬੱਚਿਆਂ ਦੀ ਉਹਨਾਂ ਗੱਲਾਂ ਲਈ ਵੀ ਜਾਂਚ ਕੀਤੀ ਜਾਂਦੀ ਹੈ, ਜਿਹੜੀਆਂ ਗੱਲਾਂ ਉਹਨਾਂ ਵਿੱਚ ਬਾਅਦ ਵਿੱਚ ਬਚਪਨ ਵਿੱਚ ਹੋਣ ਵਾਲੇ ਸੁਣਨ-ਸ਼ਕਤੀ ਦੇ ਨੁਕਸਾਨ ਦਾ ਖਤਰਾ ਬਣ ਸਕਦੀਆਂ ਹਨ। ਜੇ ਤੁਹਾਡੇ ਬੱਚੇ ਵਿੱਚ ਖਤਰੇ ਦੇ ਹੇਠ ਲਿਖੇ ਕਾਰਨਾਂ ਵਿੱਚੋਂ ਕੋਈ ਇਕ ਕਾਰਨ ਮੌਜੂਦ ਹੋਵੇ ਤਾਂ ਹੋਰ ਟੈੱਸਟਾਂ ਦੀ ਸਿਫਾਰਸ਼ ਕੀਤੀ ਜਾਵੇਗੀ:

- ਜੇ ਨੇੜਲੇ ਪਰਿਵਾਰ ਦੇ ਕਿਸੇ ਮੈਂਬਰ ਵਿੱਚ ਬਚਪਨ ਵਿੱਚ ਸੁਣਨ-ਸ਼ਕਤੀ ਦਾ ਪੱਕਾ ਨੁਕਸਾਨ ਹੋਇਆ ਹੋਵੇ
- ਤਾਲੂ ਦਾ ਪਾੜ (ਕਲਿੱਫਟ ਪੈਲਟ)
- ਖਾਸ ਸਿੰਡਰੋਮ
- ਸ਼ੁਰੂ ਵਿੱਚ ਸਿਹਤ ਦੀਆਂ ਖਾਸ ਗੰਭੀਰ ਸਮੱਸਿਆਵਾਂ

## ਆਪਣੇ ਬੱਚੇ ਦੀ ਸੁਣਨ-ਸ਼ਕਤੀ ਬਾਰੇ ਪੱਕਾ ਪਤਾ ਲਾਉਣ ਦਾ ਸਭ ਤੋਂ ਬਿਹਤਰ ਤਰੀਕਾ ਪੈਰਵੀ ਲਈ ਬਣਾਈਆਂ ਜਾਣ ਵਾਲੀਆਂ ਸਾਰੀਆਂ ਅਪੁਆਇੰਟਮੈਂਟਾਂ 'ਤੇ ਜਾਣਾ ਹੈ।

ਹੋਰ ਪ੍ਰੋਗਰਾਮ (ਜਿਵੇਂ ਨਿਓਨੇਟਲ ਫੌਲੋਅੱਪ ਕਲਿਨਿਕ ਜਾਂ ਕਲਿੱਫਟ ਪੈਲੇਟ (ਤਾਲੂ ਦੇ ਪਾੜ ਨਾਲ ਸੰਬੰਧਤ) ਪ੍ਰੋਗਰਾਮ) ਵੀ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਲਈ ਕਹਿ ਸਕਦੇ ਹਨ। ਜੇ ਤੁਹਾਨੂੰ ਇਕ ਤੋਂ ਵੱਧ ਪ੍ਰੋਗਰਾਮਾਂ ਵਲੋਂ ਅਪੁਆਇੰਟਮੈਂਟ ਲਈ ਸਦਿਆ ਜਾਂਦਾ ਹੈ ਤਾਂ ਆਪਣੇ ਸੇਵਾਵਾਂ ਦੇਣ ਵਾਲੇ ਨੂੰ ਇਸ ਬਾਰੇ ਦੱਸੋ। ਆਮ ਤੌਰ 'ਤੇ ਜੇ ਉਹ ਨੇੜੇ ਨੇੜੇ ਹੋਣ ਤਾਂ ਤੁਹਾਨੂੰ ਦੋਵੇਂ ਅਪੁਆਇੰਟਮੈਂਟਾਂ 'ਤੇ ਜਾਣ ਦੀ ਲੋੜ ਨਹੀਂ ਹੈ।

## ਮੇਰੇ ਬੱਚੇ ਬਾਰੇ ਜਾਣਕਾਰੀ ਨੂੰ ਦੂਜਿਆਂ ਨਾਲ ਸਾਂਝੀ ਕਿਵੇਂ ਕੀਤਾ ਜਾਂਦਾ ਹੈ?

ਬੀ ਸੀ ਅਰਲੀ ਹੀਅਰਿੰਗ ਪ੍ਰੋਗਰਾਮ (ਬੀ ਸੀ ਈ ਐੱਚ ਪੀ), ਬੀ ਸੀ ਚਿਲਡਰਨ ਹਸਪਤਾਲ ਅਤੇ ਪ੍ਰੌਵਿੰਸ਼ਿਅਲ ਹੈਲਥ ਸਰਵਿਸਜ਼ ਅਥਾਰਟੀ (ਪੀ ਐੱਚ ਐੱਸ ਏ) ਦੀ ਸੇਵਾ ਹੈ। ਤੁਹਾਡੇ ਪਰਿਵਾਰ ਨੂੰ ਸੇਵਾਵਾਂ ਪ੍ਰਦਾਨ ਕਰਨ ਵਿੱਚ ਆਪਣੀ ਮਦਦ ਕਰਨ ਲਈ ਹੋ ਸਕਦਾ ਹੈ ਕਿ ਬੀ ਸੀ ਈ ਐਚ ਪੀ ਨੂੰ ਤੁਹਾਡੇ ਬੱਚੇ ਬਾਰੇ ਜਾਣਕਾਰੀ ਉਹਨਾਂ ਪੇਸ਼ਾਵਰ (ਪ੍ਰੋਫੈਸ਼ਨਲਜ਼) ਲੋਕਾਂ ਨਾਲ ਸਾਂਝੀ ਕਰਨ ਦੀ ਲੋੜ ਹੋਵੇ ਜੋ ਇਸ ਪ੍ਰੋਗਰਾਮ ਦੇ ਹਿੱਸੇ ਵਜੋਂ ਪਰਿਵਾਰਾਂ ਨੂੰ ਸੇਵਾਵਾਂ ਪ੍ਰਦਾਨ ਕਰਦੇ ਹਨ। ਇਹ ਪੇਸ਼ਾਵਰ (ਪ੍ਰੋਫੈਸ਼ਨਲਜ਼) ਦੂਸਰੇ ਹਸਪਤਾਲਾਂ, ਹੀਅਰਿੰਗ ਕਲਿਨਿਕਾਂ, ਹੈਲਥ ਯੂਨਿਟਾਂ, ਚਾਇਲਡ ਡਿਵੈਲਪਮੈਂਟ ਸੈਂਟਰਾਂ, ਅਰਲੀ ਇੰਟਰਵੈਨਸ਼ਨ ਪ੍ਰੋਗਰਾਮਾਂ, ਸਕੂਲਾਂ, ਪ੍ਰੀ-ਸਕੂਲਾਂ ਅਤੇ/ਜਾਂ ਚਾਇਲਡ ਕੇਅਰ ਸੈਂਟਰਾਂ ਨਾਲ ਸੰਬੰਧਤ ਹੋ ਸਕਦੇ ਹਨ।

ਨਿੱਜੀ ਜਾਣਕਾਰੀ ਸੂਬੇ ਦੇ *ਫਰੀਡਮ ਆਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ* ਅਧੀਨ ਇਕੱਤਰ ਕੀਤੀ ਜਾਂਦੀ ਹੈ। ਬੀ ਸੀ ਈ ਐੱਚ ਪੀ ਵਲੋਂ ਇਹ ਜਾਣਕਾਰੀ ਇਹ ਜਾਣਨ ਵਿੱਚ ਮਦਦ ਕਰਨ ਲਈ ਵਰਤੀ ਜਾਂਦੀ ਹੈ ਕਿ ਅਸੀਂ ਪਰਿਵਾਰਾਂ ਦੀਆਂ ਲੋੜਾਂ ਨੂੰ ਕਿੰਨੀ ਚੰਗੀ ਤਰ੍ਹਾਂ ਪੂਰੀਆਂ ਕਰ ਰਹੇ ਹਾਂ, ਅਸੀਂ ਆਪਣੇ ਪ੍ਰੋਗਰਾਮਾਂ ਅਤੇ ਸੇਵਾਵਾਂ ਵਿੱਚ ਕਿਵੇਂ ਸੁਧਾਰ ਕਰ ਸਕਦੇ ਹਾਂ ਅਤੇ ਅਸੀਂ ਚੰਗੀ ਸੰਭਾਲ ਨੂੰ ਕਿਵੇਂ ਯਕੀਨੀ ਬਣਾ ਸਕਦੇ ਹਾਂ। ਇਹ ਜਾਣਕਾਰੀ ਖੋਜ ਲਈ ਵੀ ਵਰਤੀ ਜਾ ਸਕਦੀ ਹੈ, ਜਿਵੇਂ ਕਿ *ਬੀ ਸੀ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ*, ਦੇ *ਸੈਕਸ਼ਨ 35* ਵਿੱਚ ਦੱਸਿਆ ਗਿਆ ਹੈ।

ਬੀ ਸੀ ਈ ਐੱਚ ਪੀ ਵਲੋਂ ਜਾਣਕਾਰੀ ਨੂੰ ਇਕੱਤਰ ਕਰਨ ਅਤੇ ਦੂਸਰਿਆਂ ਨਾਲ ਸਾਂਝੀ ਕਰਨ ਬਾਰੇ ਹੋਰ ਜਾਣਕਾਰੀ ਲੈਣ ਲਈ ਪ੍ਰੋਗਰਾਮ ਡਾਇਰੈਕਟਰ ਨਾਲ 250-519-5727 ਉੱਤੇ ਸੰਪਰਕ ਕਰੋ ਜਾਂ ਆਪਣੀ ਸਥਾਨਕ ਹੈਲਥ ਅਥਾਰਟੀ ਦੇ ਪ੍ਰਾਈਵੇਸੀ ਅਫਸਰ ਨਾਲ ਸੰਪਰਕ ਕਰੋ।

ਬੀ ਸੀ ਅਰਲੀ ਹੀਅਰਿੰਗ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲੈਣ ਲਈ **www.phsa.ca/earlyhearing** ਉੱਤੇ ਬੀ ਸੀ ਈ ਐੱਚ ਪੀ ਦਾ ਵੈੱਬਸਾਈਟ ਦੇਖੋ ਜਾਂ 1-866-612-2347 ਉੱਤੇ ਫੋਨ ਕਰੋ।

*ਹੈਲਥ ਅਥਾਰਟੀ ਦੇ ਹੀਅਰਿੰਗ ਕਲਿਨਿਕ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ*

______________________________

**BC Early Hearing Program**

**ਬੀ ਸੀ ਅਰਲੀ ਹੀਅਰਿੰਗ ਪ੍ਰੋਗਰਾਮ**

A service of BC Children's Hospital and the Provincial Health Services Authority

ਬੀ ਸੀ ਚਿਲਡਰਨ ਹਸਪਤਾਲ ਅਤੇ ਪ੍ਰੌਵਿੰਸ਼ਿਅਲ ਹੈਲਥ ਸਰਵਿਸਜ਼ ਅਥਾਰਟੀ ਦੀ ਇਕ ਸੇਵਾ

Provincial Health Services Authority
Province-wide solutions. Better health.